ਐਤਵਾਰ

7, ਫ਼ਰਵਰੀ 2010

26 ਮਾਘ ,

ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ

ਅੰਕ ਨੰ. 297,

ਸਾਲ 25

Postal Regd. No.

PB/0007/09-2011

www.ajdiawaaz.com

ਪੰਜਾਬ ਦੀ ਉਮੀਦ

info@ajdiawaaz.com


## ਅੱਜ ਦੀ ਆਵਾਜ਼ ਵੱਲੋਂ ਮੀਡੀਆ ਖੁਸ਼ੀ ਸਮਾਗਮ

## 8 ਫ਼ਰਵਰੀ, 2010 ਨੂੰ

ਅਦਾਰਾ ਅੱਜ ਦੀ ਆਵਾਜ਼ ਨੂੰ ਸਾਰੇ ਵਰਗਾਂ ਅਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਲਾਮਿਸਾਲ ਯੋਗਦਾਨ ਮਿਲ ਰਿਹਾ ਹੈ। ਆਪਣੇ ਸਾਰੇ ਸਰਪਰਸਤਾਂ ਅਤੇ ਪੱਤਰਕਾਰਾਂ ਦਾ ਧੰਨਵਾਦ ਕਰਨ ਲਈ ਅਦਾਰੇ ਵੱਲੋਂ

**8 ਫਰਵਰੀ 2010 ਦਿਨ ਸੋਮਵਾਰ ਨੂੰ ਸਵੇਰੇ 11.00 ਵਜੇ ਅਖ਼ਬਾਰ ਦੇ ਮੁੱਖ ਦਫ਼ਤਰ ਆਵਾਜ਼ ਭਵਨ 179 ਰਣਜੀਤ ਨਗਰ ਜਲੰਧਰ**

ਵਿਖੇ ਵਿਸ਼ੇਸ਼ ਮੀਡੀਆ ਖੁਸ਼ੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਖੇਤਰ ਦੀਆਂ ਕੁਝ ਉੱਘੀਆਂ ਹਸਤੀਆਂ ਅਤੇ ਪੱਤਰਕਾਰ ਭਾਈਚਾਰੇ ਦੇ ਪ੍ਰਤੀਨਿਧ ਹਾਜ਼ਰੀ ਭਰਨਗੇ। ਸਮਾਗਮ 'ਚ ਉੱਦਮੀ ਪੱਤਰਕਾਰਾਂ ਨੂੰ ਅਦਾਰੇ ਵੱਲੋਂ ਮੀਡੀਆ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ 'ਤੇ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਆਏ ਉੱਘੇ ਪੰਜਾਬੀ ਵਿਦਵਾਨ ਡਾ. ਸਵਰਾਜ ਸਿੰਘ ਆਪਣੇ ਵਿਚਾਰ ਵੀ ਸਾਂਝੇ ਕਰਨਗੇ।

### ਇਸ ਮੌਕੇ 'ਤੇ ਸ਼ਾਨਦਾਰ ਸੇਵਾਵਾਂ ਅਤੇ ਉੱਤਮ ਕਾਰਗੁਜ਼ਾਰੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨੇ ਜਾ ਰਹੇ ਪੱਤਰਕਾਰ


ਡਾ. ਸਵਰਾਜ ਸਿੰਘ ਅਮਰੀਕਾ


ਸ. ਬਲਵਿੰਦਰ ਸਿੰਘ ਰੈਤ ਪੱਤਰਕਾਰ ਨੂਰਪੁਰ ਬੇਦੀ


ਸ. ਪ੍ਰਿਤਪਾਲ ਸਿੰਘ ਅਜੀਤ ਸ਼ਾਹਕੋਟ (ਜਲੰਧਰ)


ਸੀ ਸ਼ਾਮ ਲਾਲ ਜੋਧਪੁਰੀਆ ਪੱਤਰਕਾਰ ਮੌੜ ਮੰਡੀ ਬਠਿੰਡਾ


ਸ੍ਰੀ ਯਾਦੂ ਭੁੱਲਰ ਵਿਸ਼ੇਸ਼ ਪ੍ਰਤੀਨਿਧ ਤਪਾ ਮੰਡੀ ਬਰਨਾਲਾ


ਮੈਡਮ ਵੀਨਾ ਰਾਜਪੂਤ ਵਿਸ਼ੇਸ਼ ਪ੍ਰਤੀਨਿਧ ਮੁਹਾਲੀ


ਸ. ਰਣਜੀਤ ਸਿੰਘ ਰਾਜੂ ਪੱਤਰਕਾਰ ਤਲਵੰਡੀ ਸਾਬੋ (ਬਠਿੰਡਾ)


ਸ੍ਰੀ ਸੁਰਿੰਦਰ ਕਾਂਸਲ ਪੱਤਰਕਾਰ ਰਾਮਾ ਮੰਡੀ (ਬਠਿੰਡਾ)


ਸ੍ਰੀ ਦੇਸ਼ ਰਾਜ ਸ਼ਰਮਾ ਪੱਤਰਕਾਰ ਮੰਡੀ ਅਹਿਮਦਗੜ੍ਹ


ਸ. ਗੁਰਕ੍ਰਿਪਾਲ ਸਿੰਘ ਸੋਨੀ ਪੱਤਰਕਾਰ ਕਿਸ਼ਨਪੁਰਾ ਕਲਾਂ


ਸ੍ਰੀ ਰਾਜ ਕੁਮਾਰ ਧੀਮਾਨ ਪੱਤਰਕਾਰ ਬੀਨੇਵਾਲਬੀਤ ਗੜ੍ਹਸ਼ੰਕਰ


ਸ੍ਰੀ ਵਿਪਨ ਬਾਂਸਲ ਪੱਤਰਕਾਰ ਮੰਡੀ ਗੋਬਿੰਦਗੜ੍ਹ


ਸ੍ਰੀ ਪਵਨ ਕੁਮਾਰ ਗੋਇਲ ਪੱਤਰਕਾਰ ਖੰਨਾ (ਲੁਧਿਆਣਾ)


ਸ੍ਰੀ ਦਿਨੇਸ਼ ਨੱਢਾ ਪੱਤਰਕਾਰ ਸ੍ਰੀ ਆਨੰਦਪੁਰ ਸਾਹਿਬ


ਸ. ਕੰਵਲਜੀਤ ਸਿੰਘ ਪੱਤਰਕਾਰ ਸਮਾਲਸਰ (ਮੋਗਾ)


ਸ. ਬਲਵਿੰਦਰ ਸਿੰਘ ਵਜੀਦਕੇ ਪੱਤਰਕਾਰ ਮਹਿਲ ਕਲਾਂ


ਸ੍ਰੀ ਲਖਵਿੰਦਰਪਾਲ ਗਰਗ ਪੱਤਰਕਾਰ ਭਵਾਨੀਗੜ੍ਹ (ਸੰਗਰੂਰ)


ਦਵਿੰਦਰ ਸਿੰਘ ਬਿੱਟੂ ਪੱਤਰਕਾਰ ਧਰਮਕੋਟ (ਮੋਗਾ)

**ਇਸ ਸੂਚੀ ਵਿੱਚ ਸ਼ਾਮਿਲ ਦੂਸਰੇ ਪੱਤਰਕਾਰਾਂ ਦਾ ਵੇਰਵਾ ਕੱਲ੍ਹ ਛਾਪਿਆ ਜਾਵੇਗਾ। ਪੱਤਰਕਾਰ ਆਪਣੇ ਨਾਮ ਦੇ ਪਤੇ ਲਈ ਦਫ਼ਤਰ ਸੰਪਰਕ ਕਰ ਸਕਦੇ ਹਨ।**

ਸਮੂਹ ਪੱਤਰਕਾਰਾਂ ਨੂੰ ਇਸ ਮੌਕੇ 'ਤੇ ਹਾਜ਼ਰੀ ਭਰਨ ਦਾ ਖੁੱਲ੍ਹਾ ਸੱਦਾ ਦਿੰਦੇ ਹੋਏ ਖੁਸ਼ੀ ਮਹਿਸੂਸ ਕਰ ਰਹੇ ਹਾਂ। ਅੱਜ ਦੀ ਆਵਾਜ਼ ਦੇ ਸਾਰੇ ਪੱਤਰਕਰਾਂ ਦੀ ਇਸ ਮੌਕੇ 'ਤੇ ਹਾਜ਼ਰੀ ਬੇਹੱਦ ਜ਼ਰੂਰੀ ਹੈ। ਸਮਾਗਮ ਤੋਂ ਬਾਅਦ ਪੱਤਰਕਾਰਾਂ ਨੂੰ ਸ਼ਨਾਖਤੀ ਪੱਤਰਕਾਰ ਅਤੇ ਕਾਰਡ ਵੀ ਜਾਰੀ ਕੀਤੇ ਜਾਣਗੇ। ਸਮਾਗਮ ਦੇ ਹੋਰ ਵੇਰਵੇ ਦਫ਼ਤਰ ਦੇ ਟੈਲੀਫੋਨ 0181-2235707 ਤੋਂ ਹਾਸਲ ਕੀਤੇ ਜਾ ਸਕਦੇ ਹਨ। -ਸੰਪਾਦਕ

# ਵੱਡੀਆਂ ਸੰਸਥਾਵਾਂ ਵੱਡੇ ਮਨੁੱਖਾਂ ਦੀ ਹੀ ਦੇਣ-ਬਾਦਲ

**ਕਾਲਜ ਨੂੰ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਦਾ ਸੁਝਾਅ**

**ਕਾਲਜ ਨੂੰ ਮਾਇਕ ਸਹਾਇਤਾ ਵਜੋਂ 10 ਲੱਖ ਰੁਪਏ ਦੇਣ ਦਾ ਐਲਾਨ**

**ਮਲਕੀਤ ਸਿੰਘ ਬਰਾੜ**

ਜਲੰਧਰ, 6 ਫਰਵਰੀ -1908 ਵਿੱਚ ਸ੍. ਜਵੰਦ ਸਿੰਘ ਰੰਧਾਵਾ ਦੀ ਜ਼ਮੀਨ 'ਤੇ ਸੰਤ ਅਤਰਤ ਸਿੰਘ ਮਸਤੂਆਣਾ ਵਾਲਿਆਂ ਵੱਲੋਂ ਰੱਖੇ ਗਏ ਨੀਂਹ ਪੱਥਰ ਨਾਲ ਸ਼ੁਰੂ ਹੋਇਆ ਖਾਲਸਾ ਹਾਈ ਸਕੂਲ ਲਾਇਲਪੁਰ ਜੋ 1924 ਵਿੱਚ ਕਾਲਜ ਵਜੋਂ ਵਿਕਸਿਤ ਹੋਇਆ ਅਤੇ 1947 ਦੀ ਵੰਡ ਬਾਅਦ ਜਲੰਧਰ ਵਿਖੇ ਮੁੜ ਸਥਾਪਿਤ ਹੋਇਆ, ਆਪਣੀ ਸਥਾਪਨਾ ਦੇ ਸੌ ਵਰ੍ਹੇ ਪੂਰੇ ਕਰ ਚੁੱਕਾ ਹੈ। ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਸਾਲ ਭਰ ਚੱਲੇ ਵੱਖ-ਵੱਖ ਸਮਾਗਮਾਂ ਦਾ ਸਿਖਰ ਜਸ਼ਨ-ਏ-ਸ਼ਤਾਬਦੀ ਮਨਾਇਆ ਗਿਆ। ਇਸ ਦੋ ਰੋਜ਼ਾ ਸਮਾਰੋਹ ਦੇ ਪਹਿਲੇ ਦਿਨ ਧਾਰਮਿਕ ਸਮਾਗਮ ਅਤੇ ਸੱਭਿਆਚਾਰਕ ਪ੍ਰੋਗਰਾਮ ਸੁਰਮਈ ਸ਼ਾਮ ਦਾ ਆਯੋਜਨ ਕੀਤਾ ਗਿਆ, ਜਿਸ ਦੇ ਮੁੱਖ ਮਹਿਮਾਨ ਸ੍. ਮਹਿੰਦਰ ਸਿੰਘ ਕੇ.ਪੀ. ਨੇ ਪ੍ਰੋਗਰਾਮ ਦਾ ਆਨੰਦ ਮਾਣਿਆ ਅਤੇ ਕਾਲਜ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦੇ ਹੋਏ ਕਾਲਜ ਨੂੰ 5 ਲੱਖ ਰੁਪਏ ਦੇਣ ਦੀ ਘੋਸ਼ਣਾ ਕੀਤੀ। ਇਸ ਸਮਾਗਮ ਦੇ ਦੂਜੇ ਦਿਨ ਮੁੱਖ ਮਹਿਮਾਨ ਵਜੋਂ ਮੁੱਖ ਮੰਤਰੀ ਸ੍. ਪ੍ਰਕਾਸ਼ ਸਿੰਘ ਬਾਦਲ ਨੇ ਸ਼ਿਰਕਤ ਕੀਤੀ। ਕਾਲਜ ਗਵਰਨਿੰਗ ਕੌਂਸਲ ਦੀ ਪ੍ਰਧਾਨ ਬੀਬੀ ਬਲਬੀਰ ਕੌਰ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਇਲਾਕਾ ਨਿਵਾਸੀਆਂ ਨੂੰ ਜੀ ਆਇਆਂ ਕਿਹਾ। ਕਾਲਜ ਦੇ 100 ਸਾਲਾ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਹੋਏ ਦੱਸਿਆ ਕਿ ਸਮਾਜਿਕ, ਰਾਜਨੀਤਕ ਅਤੇ ਖੇਡਾਂ ਦੇ ਖੇਤਰ ਵਿੱਚ ਨਾਮਵਰ ਹਸਤੀਆਂ ਜਿਵੇਂ ਪ੍ਰਿਥਵੀ ਰਾਜ ਕਪੂਰ, ਸ੍. ਕਪੂਰ ਸਿੰਘ ਆਈ.ਸੀ.ਐੱਸ. ਸ੍. ਬੂਟਾ ਸਿੰਘ, ਓਮਰਾਓ ਸਿੰਘ, ਅਜੀਤ ਪਾਲ, ਪ੍ਰਗਟ ਸਿੰਘ, ਡਾ. ਜੋਗਿੰਦਰ ਸਿੰਘ ਪੁਆਰ, ਡਾ. ਐੱਸ.ਪੀ. (ਬਾਕੀ ਸਫਾ 2 'ਤੇ)



(ਫੋਟੋ : ਕੁਲਦੀਪ ਸਟੂਡੀਓ)

## ਜਸਟਿਸ ਬੈਂਸ ਦਾ ਕੰਮ ਹੀ ਕਾਂਗਰਸ ਦੇ ਹੱਥਾਂ 'ਚ ਖੇਡ ਕੇ ਪੰਥ ਖਿਲਾਫ਼ ਬੋਲਣਾ-ਜਥੇ. ਮੱਕੜ

ਅੰਮ੍ਰਿਤਸਰ, 6 ਫਰਵਰੀ (ਮੋਤਾ ਸਿੰਘ)- ਸਾਬਕਾ ਜਸਟਿਸ ਅਜੀਤ ਸਿੰਘ ਬੈਂਸ ਵੱਲੋਂ ਸੱਚਖੰਡ ਹਰਿਮੰਦਰ ਸਾਹਿਬ ਤੋਂ ਪ੍ਰਸਾਰਿਤ ਹੁੰਦੇ ਸਿੱਧੇ ਗੁਰਬਾਣੀ ਕੀਰਤਨ ਦੇ ਇੱਕ ਟੀ.ਵੀ. ਚੈਨਲ ਨੂੰ ਪ੍ਰਾਪਤ ਅਧਿਕਾਰਾਂ ਬਾਰੇ ਕੀਤੀ ਗਈ ਬੇਬੁਨਿਆਦੀ ਟਿੱਪਣੀ 'ਤੇ ਪ੍ਰਤੀਕਰਮ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਅੱਜ ਸਖਤ ਲਫਜ਼ਾਂ ਵਿੱਚ ਕਿਹਾ ਕਿ ਜਸਟਿਸ ਬੈਂਸ ਦਾ ਤਾਂ ਕੰਮ ਹੀ ਕਾਂਰਗਸ ਦੇ ਹੱਥਾਂ ਵਿੱਚ ਖੇਡ ਕੇ ਸਿੱਖ ਪੰਥ ਦੇ ਖਿਲਾਫ ਬੋਲਣਾ ਹੈ। ਬਿਨਾ ਵਜ੍ਹਾ ਸਿੱਖ ਧਰਮ ਦੇ ਪ੍ਰਚਾਰ ਦੇ ਸਹੀ ਨਿਭ ਰਹੇ ਕੰਮਾਂ ਵਿੱਚ ਟੰਗ ਅੜਾਉਣਾ ਹੈ, ਤਾਂ ਕਿ ਕੋਈ ਨਾ ਕੋਈ ਸਿਆਸੀ ਲਾਭ ਬੋਚਿਆ ਜਾ ਸਕੇ। ਜਥੇਦਾਰ ਮੱਕੜ ਨੇ ਕਿਹਾ ਕਿ ਜਸਟਿਸ ਬੈਂਸ ਉਨ੍ਹਾਂ ਆਪੇ ਬਣੇ ਪੰਥਕ ਲੀਡਰਾਂ ਵਿੱਚੋਂ ਇੱਕ ਹੈ, ਜੋ ਆਏ ਦਿਨ ਸਿੱਖ ਪੰਥ ਅਤੇ ਪੰਥਕ ਪ੍ਰਚਾਰ ਨਾਲ ਆਢਾ ਲਾਉਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ। ਟੀ.ਵੀ. ਚੈਨਲ ਈ.ਟੀ.ਸੀ. ਵੱਲੋਂ ਪ੍ਰਸਾਰਿਤ ਕੀਤੇ ਜਾਂਦੇ ਸਿੱਧੇ ਗੁਰਬਾਣੀ ਕੀਰਤਨ ਪ੍ਰੋਗਰਾਮ ਦੇ ਟੀ.ਵੀ. ਚੈਨਲ ਨੂੰ ਮਿਲੇ ਅਧਿਕਾਰਾਂ ਬਾਰੇ ਜਥੇਦਾਰ ਮੱਕੜ ਨੇ ਕਿਹਾ ਕਿ ਇਸ ਵਿੱਚ ਕਿਤੇ ਕੋਈ ਬੇਨਿਯਮੀ ਨਹੀਂ ਹੋਈ ਹੈ। ਅਗਰ ਕਿਸੇ ਕੋਈ ਖਾਮੀ ਹੁੰਦੀ ਤਾਂ ਖੁਦ ਈ.ਟੀ.ਸੀ. ਚੈਨਲ ਨੇ ਇਹ ਮਸਲਾ ਧਿਆਨ ਹਿੱਤ ਲਿਆ ਦੇਣਾ ਸੀ। ਜਥੇਦਾਰ ਮੱਕੜ ਨੇ ਕਿਹਾ ਕਿ ਜਸਟਿਸ ਬੈਂਸ ਅਤੇ ਉਨ੍ਹਾਂ ਦੇ ਝੋਲੀ ਚੁੱਕ ਪਹਿਲਾਂ ਹੀ ਆਪਣੇ ਪੰਥ ਵਿਰੋਧੀ ਕਿਰਦਾਰ ਨਾਲ ਲੋਕਾਂ ਵਿੱਚ ਨੰਗੇ ਹੋ ਚੁੱਕੇ ਹਨ ਅਤੇ ਹੁਣ ਉਹ ਆਪਣੀ ਗੁਆਚੀ ਇੱਜ਼ਤ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰ ਰਹੇ ਹਨ, ਜੋ ਸੂਝਵਾਨ ਸਿੱਖ ਪੰਥ ਨੇ ਸਿਰੇ ਨਹੀਂ ਚੜ੍ਹਨ ਦੇਣੇ।

## ਨਵੇਂ ਬੱਜਟ ਵਿੱਚ ਪੰਜਾਬੀਆਂ ਨੂੰ ਰਾਹਤ ਮਿਲੇਗੀ-ਬਾਦਲ

ਜਲੰਧਰ, 6 ਫਰਵਰੀ (ਕੁਲਦੀਪ ਸਿੰਘ ਪੱਟੀ )- ਪੰਜਾਬ ਦੇ ਮੁੱਖ ਮੰਤਰੀ ਸ੍. ਪ੍ਰਕਾਸ਼ ਸਿੰਘ ਬਾਦਲ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 2010 ਦੇ ਬੱਜਟ ਵਿੱਚ ਪੰਜਾਬੀਆਂ ਨੂੰ ਰਾਹਤ ਦੇਣ ਲਈ ਉਹ ਕੈਬਨਿਟ ਕਮੇਟੀ ਦੀ ਅਹਿਮ ਮੀਟਿੰਗ ਕਰਕੇ ਲੋਕ ਸਹੂਲਤਾਂ ਦਾ ਧਿਆਨ ਰੱਖਣਗੇ। ਉਨ੍ਹਾਂ ਜ਼ੋਰ ਦੇ ਕੇ ਸਖਤੀ ਨਾਲ ਕਿਹਾ ਕਿ ਕੇਂਦਰ ਸਰਕਾਰ ਨਾਲ ਰਲ ਕੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖੀ ਜਾਵੇਗੀ ਅਤੇ ਸਮਾਜ ਵਿਰੋਧੀਆਂ 'ਤੇ ਕਾਨੂੰਨੀ ਕਾਰਵਾਈ ਹੋਵੇਗੀ। ਜਲੰਧਰ ਦੇ ਉਪ ਮੇਅਰ ਸ੍. ਕਮਲਜੀਤ ਸਿੰਘ ਭਾਟੀਆ 'ਤੇ ਹੋਏ ਹਮਲੇ ਨੂੰ ਉਨ੍ਹਾਂ ਮੰਦਭਾਗਾ ਦੱਸਿਆ ਅਤੇ ਕਿਹਾ ਕਿ ਸਰਕਾਰ ਉੱਚਿਤ ਕਾਰਵਾਈ ਕਰੇਗੀ, ਕਿਉਂਕਿ ਭਾਟੀਆ ਪਾਰਟੀ ਦੇ ਵਫਾਦਾਰ ਹਨ, ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਵੀਂ ਭਰਤੀ ਕੀਤੀ ਜਾ ਰਹੀ ਹੈ। 15 ਹਜ਼ਾਰ ਅਧਿਆਪਕ ਰੱਖੇ ਜਾਣਗੇ। ਸਰਕਾਰ ਕਿਸੇ ਨਾਲ ਵੀ ਵਿਤਕਰਾ ਨਹੀਂ ਕਰੇਗੀ।

## ਚੰਡੀਗੜ੍ਹ 'ਚ ਮਹਿੰਗਾਈ ਖਿਲਾਫ਼ ਭਾਜਪਾ ਵੱਲੋਂ ਭਾਰੀ ਮੁਜਾਹਰਾ, ਸੈਂਕੜੇ ਵਰਕਰ ਗ੍ਰਿਫ਼ਤਾਰ

ਚੰਡੀਗੜ੍ਹ, 6 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਭਾਰਤੀ ਜਨਤਾ ਪਾਰਟੀ ਦੇ ਅੱਜ ਹਜ਼ਾਰਾਂ ਵਰਕਰਾਂ ਨੇ ਚੰਡੀਗੜ੍ਹ ਵਿਖੇ ਪ੍ਰਧਾਨ ਸੰਜੇ ਟੰਡਨ ਦੀ ਅਗਵਾਈ ਵਿੱਚ ਕਾਂਗਰਸ ਦੇ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਕਮਰਤੋੜ ਮਹਿੰਗਾਈ ਦੇ ਖਿਲਾਫ ਅੱਜ ਇੱਥੇ ਮੁਜ਼ਾਹਰਾ ਤੇ ਜਲੂਸ ਕੱਢਿਆ ਗਿਆ।

ਇਹ ਵਰਕਰ ਜਲੂਸ ਦੀ ਸ਼ਕਲ ਵਿੱਚ ਪੰਜਾਬ ਦੇ ਗਵਰਨਰ ਅਤੇ ਚੰਡੀਗੜ੍ਹ ਦੇ ਪ੍ਰਸ਼ਾਸ਼ਨ ਨੂੰ ਮਹਿੰਗਾਈ ਵਿਰੁੱਧ ਮੈਮੋਰੰਡਮ ਦਿੱਤੇ ਜਾ ਰਹੇ ਸਨ। ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਬਾਅਦ ਵਿੱਚ ਤਿੰਨ ਬੱਸਾਂ ਵਿੱਚ ਭਰ ਕੇ ਉਥੋਂ ਲੈ ਗਈ। ਬਾਅਦ ਵਿੱਚ ਸ਼ਾਮੀ ਵਰਕਰਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ। ਹਜ਼ਾਰਾਂ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਦੇਸ਼ ਭਾਜਪਾ ਪ੍ਰਧਾਨ ਸੰਜੇ ਟੰਡਨ ਨੇ ਕਿਹਾ ਕਿ ਕੇਂਦਰ ਦੀ ਕਾਂਗਰਸ ਸਰਕਾਰ ਕਮਰ ਤੋੜ ਮਹਿੰਗਾਈ 'ਤੇ ਲਗਾਮ ਲਗਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਇਸ ਦੇ ਨਾਲ ਵੀ ਸਰਕਾਰ ਬਲੈਕ ਮਾਰਕੀਟੀਂਗ ਜ਼ਰੂਰੀ ਚੀਜ਼ਾਂ ਦੀ ਜਮ੍ਹਾਂਖੋਰੀ ਰੋਕਣ ਲਈ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਚੀਜਾਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ, ਜਿਸ ਦਾ ਸਭ ਤੋਂ ਜ਼ਿਆਦਾ ਅਸਰ ਗਰੀਬ ਲੋਕਾਂ ਤੇ ਪਿਆ ਹੈ। ਉਨ੍ਹੰ ਨੇ ਕੇਂਦਰ ਸਰਕਾਰ ਦੀ ਕਰੜੀ ਆਲੋਚਨਾ ਕੀਤੀ। ਇਸ ਸਮੇਂ ਹਾਜ਼ਰ ਸਾਬਕਾ ਸੰਸਦ ਮੈਂਬਰ ਸੱਤਪਾਲ ਜੈਨ, ਜੈਰਾਮ ਜੋਸ਼ੀ, ਧਰਮ ਪਾਲ ਗੁਪਤਾ, ਯਸ਼ਪਾਲ ਮਹਾਜਨ ਇਹ ਤਿੰਨੇ ਸਾਬਕਾ ਪ੍ਰਧਾਨ ਹਨ ਨੇ ਵੀ ਸੰਬੋਧਨ ਕੀਤਾ।

## ਹਾਕੀ ਇੰਡੀਆ ਦੀ ਸੰਭਾਵੀ ਚੋਣ ਅੱਜ

ਹੁਸ਼ਿਆਰਪੁਰ, 6 ਫਰਵਰੀ (ਕੁਲਦੀਪ ਸਿੰਘ ਪੱਟੀ)- 28 ਫਰਵਰੀ ਤੋਂ 13 ਮਾਰਚ ਤੱਕ ਹੋਣ ਵਾਲੇ 12ਵੇਂ ਵਿਸ਼ਵ ਕੱਪ ਹਾਕੀ ਦੀ ਮੇਜ਼ਬਾਨੀ ਕਰ ਰਹੇ ਭਾਰਤ ਲਈ 7 ਫਰਵਰੀ ਨੂੰ ਹੋਣ ਵਾਲੀ ਸੰਭਾਵੀ ਹਾਕੀ ਇੰਡੀਆ ਦੀ ਚੋਣ ਸਿਆਸੀ ਧਮਾਕਿਆਂ ਪੂਰਨ ਹੋਣ ਦੇ ਸੰਕੇਤ ਹਨ। ਸੰਭਵ ਹੈ ਕਿ ਇਸ ਸ਼ਤਰੰਜ਼ੀ ਚੋਣ ਵਿੱਚ ਹਕੂਮਤੀ ਪਾਰਟੀ ਵੱਖ-ਵੱਖ ਰਾਜਾਂ ਦੀਆਂ ਖੇਡ ਹਾਕੀ ਪੰਜਾਬ ਨਾਲ ਸਿਆਸੀ ਸੌਦੇਬਾਜ਼ੀ ਕਰਕੇ ਹਕੂਮਤੀਪਾਰਟੀ ਦਾ ਮਨ ਪਸੰਦ ਪ੍ਰਧਾਨ ਚੁਣ ਕੇ ਭਾਰਤੀ ਹਾਕੀ ਟੀਮ ਦੀ ਤਕੜੀ ਚੋਣ ਵੀ ਕਰ ਲਵੇ, ਜਿਸ ਦਾ ਕਿ ਸਿਖਲਾਈ ਕੈਂਪ ਜਾਰੀ ਹੈ। ਭਾਰਤ ਲਈ ਹਾਕੀ ਇੰਡੀਆ ਦਾ ਵਿਵਾਦ ਮੱਟੂ ਦੀ ਪ੍ਰਧਾਨਗੀ ਅਸਤੀਫੇ ਨਾਲ ਕੁਝ ਠੱਲ੍ਹਿਆ ਹੈ। ਪਰ 7 ਫਰਵਰੀ ਨੂੰ ਭਾਰਤੀ ਉਲੰਪਿਕ ਸੰਗ ਦੇ ਪ੍ਰਧਾਨ ਸ੍ਰੀ ਸੁਰੇਸ਼ ਕਲਮਾਡੀ ਹਾਕੀ ਇੰਡੀਆ ਦੇ ਮੈਂਬਰ ਰਾਜ ਤੇ ਖੇਡ ਮੰਤਰਾਲਾ ਭਾਰਤ, ਭਾਰਤੀ ਹਾਕੀ ਟੀਮ ਦੇ ਵੱਕਾਰ ਨੂੰ ਧਿਆਨ ਵਿੱਚ ਰੱਖ ਕੇ ਕਰੇਗਾ, ਕਿਉਂਕਿ ਭਾਰਤ 11ਵੇਂ ਵਿਸ਼ਵ ਹਾਕੀ ਕੱਪ ਵਿੱਚ 11ਵੇਂ ਨੰਬਰ 'ਤੇ ਰਹੀ। ਦਿੱਲੀ ਵਿਖੇ 12ਵਾਂ ਵਿਸ਼ਵ ਹਾਕੀ ਕੱਪ ਭਾਰਤੀ ਹਾਕੀ ਟੀਮ ਲਈ ਪੈਦਾ ਮੈਚ ਜਿੱਤਣੇ (ਬਾਕੀ ਸਫਾ 2 'ਤੇ)

## ਮਹਿੰਗਾਈ ਮੁੱਦੇ 'ਤੇ ਪ੍ਰਣਬ ਤੇ ਮੋਦੀ ਭਿੜੇ

## ਮਹਿੰਗਾਈ ਦੇ ਦਿਨ ਪੁੱਗੇ ਸਮਝੋ-ਮਨਮੋਹਨ ਵੱਲੋਂ ਭਰੋਸਾ

ਨਵੀਂ ਦਿੱਲੀ, 6 ਫਰਵਰੀ (ਵਿਸ਼ਵ ਵਾਰਤਾ)-ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੱਜ ਮਹਿੰਗਾਈ ਨਾਲ ਨਜਿੱਠਣ ਲਈ ਰਾਜ ਸਰਕਾਰ ਨੂੰ ਕੇਂਦਰ ਨਾਲ ਮਿਲ ਕੇ ਲੜਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀਆਂ ਦੇ ਨਾਲ ਬੈਠਕ ਵਿਚ ਮਨਮੋਹਨ ਸਿੰਘ ਨੇ ਕਿਹਾ ਕਿ ਦੇਸ਼ ਵਿਚ ਖੁਰਾਕ ਪਦਾਰਥਾਂ ਦੇ ਯੋਗ ਭੰਡਾਰ ਹਨ। ਪਰ ਸਰਕਾਰ ਨੂੰ ਨਿਰਯਾਤ ਘੱਟ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਹਿੰਗਾਈ ਦਾ ਬੁਰਾ ਦੌਰਾ ਬੀਤ ਚੁੱਕਿਆ ਹੈ ਅਤੇ ਛੇਤੀ ਹੀ ਖੁਰਾਕ ਪਦਾਰਥਾਂ ਦੀਆਂ ਕੀਮਤਾਂ ਵਿਚ ਸਥਿਰਤਾ ਆਵੇਗੀ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਮਹਿੰਗਾਈ ਨਾਲ ਨਜਿੱਠਣ ਲਈ ਕੇਂਦਰ ਸੂਬਿਆਂ ਨੂੰ ਹਰ ਮਦਦ ਦੇਣ ਲਈ ਤਿਆਰ ਹੈ। ਪਰ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਉਤਪਾਦਨ ਵਧਾਉਣ 'ਤੇ ਜ਼ੋਰ ਦੇਣਾ ਹੋਵੇਗਾ। ਉਨ੍ਹਾਂ ਪੰਜਾਬ ਅਤੇ ਆਂਧਰਾ ਪ੍ਰਦੇਸ਼ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਮਹਿੰਗਾਈ ਨਾਲ ਨਜਿੱਠਣ ਵਿਚ ਇਨ੍ਹਾਂ ਰਾਜਾਂ ਨੂੰ ਸਹਿਯੋਗ ਕਰਨਾ ਹੋਵੇਗਾ। ਉਨ੍ਹਾਂ ਨੇ ਪੀ.ਡੀ.ਐਸ. ਰਾਹੀਂ ਵੰਡ ਦੀ ਮਾਤਰਾ ਨੂੰ ਵਧਾਉਣ ਦਾ ਐਲਾਨ ਕਰਨ ਦੇ ਨਾਲ ਇਸ ਸਿਸਟਮ ਵਿਚ ਸੁਧਾਰ ਕਰਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਜਨਤਕ ਵੰਡ ਪ੍ਰਣਾਲੀ ਦੇ ਤਹਿਤ 25 ਲੱਖ ਟਨ ਕਣਕ ਅਤੇ 10 ਲੱਖ ਟਨ ਚੌਲ ਦੀ ਵੰਡ ਹੋਵੇਗੀ। ਪ੍ਰਧਾਨ ਮੰਤਰੀ ਨੇ ਦੇਸ਼ ਵਿਚ ਮਹਿੰਗਾਈ ਲਈ ਕੌਮਾਂਤਰੀ ਬਾਜ਼ਾਰਾਂ ਵਿਚ ਖੁਰਾਕ ਪਦਾਰਥਾਂ ਦੀਆਂ ਵਧੀਆਂ ਕੀਮਤਾਂ ਨੂੰ ਜ਼ਿੰਮੇਵਾਰ ਠਹਿਰਾਇਆ। ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵਿਚਾਲੇ ਅੱਜ ਖੁਰਾਕ ਕੀਮਤਾਂ ਦੇ ਸਬੰਧ ਵਿਚ ਮੁੱਖ ਮੰਤਰੀਆਂ ਦੇ ਸੰਮੇਲਨ ਦੌਰਾਨ ਬਹਿਸ ਹੋ ਗਈ। ਵਿੱਤ ਮੰਤਰੀ ਨੇ ਦੋਸ਼ ਲਾਇਆ ਕਿ ਮੋਦੀ ਰਿਆਇਤੀ ਦਰ 'ਤੇ ਕਣਕ ਅਤੇ ਚੌਲਾਂ ਦੀ ਵਿਕਰੀ ਦੇ ਮੁੱਦੇ ਦਾ ਰਾਜਨੀਤੀਕਰਨ ਕਰ ਰਹੇ ਹਨ। ਸੰਮੇਲਨ ਵਿਚ ਜਦੋਂ ਮੋਦੀ ਕੇਂਦਰ ਦੀ ਨੀਤੀ ਦੀ ਆਲੋਚਨਾ ਕਰ ਰਹੇ ਸਨ ਅਤੇ ਗਰੀਬੀ ਰੇਖਾ ਤੋਂ ਥੱਲੇ ਦੇ ਲੋਕਾਂ ਨੂੰ ਤਿੰਨ ਰੁਪਏ ਪ੍ਰਤੀ ਕਿਲੋਗ੍ਰਾਮ ਦੀ ਦਰ ਨਾਲ ਕਣਕ ਅਤੇ ਚੌਲਾਂ ਦੀ ਸਪਲਾਈ ਉਤੇ ਸਵਾਲ ਉਠਾ ਰਹੇ ਸਨ, ਤਾਂ ਮੁਖਰਜੀ ਨੇ ਉਸ ਵਿਚ ਦਖਲ ਅੰਦਾਜ਼ੀ ਕੀਤੀ। ਜਾਣਕਾਰੀ ਅਨੁਸਾਰ ਵਿੱਤ ਮੰਤਰੀ ਨੇ ਮੋਦੀ ਉਤੇ ਇਸ ਮਾਮਲੇ ਵਿਚ ਰਾਜਨੀਤੀਕਰਨ ਦਾ ਦੋਸ਼ ਲਗਾਇਆ।

## ਕਸ਼ਮੀਰ ਮਸਲੇ ਦਾ ਹੱਲ ਸ਼ਾਂਤੀਪੂਰਨ ਢੰਗ ਨਾਲ ਕੱਢਿਆ ਜਾਵੇ-ਗਿਲਾਨੀ

ਇਸਲਾਮਾਬਾਦ, 6 ਫਰਵਰੀ (ਵਿਸ਼ਵ ਵਾਰਤਾ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਬੁਰੇ ਰਿਸ਼ਤਿਆਂ ਨੂੰ ਖ਼ਤਮ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਕਿਹਾ ਹੈ ਕਿ ਕਸ਼ਮੀਰ ਮੁੱਦੇ ਦਾ ਹੱਲ ਸ਼ਾਂਤੀਪੂਰਨ ਢੰਗ ਨਾਲ ਕੱਢਿਆ ਜਾਣਾ ਚਾਹੀਦਾ ਹੈ। ਗਿਲਾਨੀ ਨੇ ਦੋਨਾਂ ਦੇਸ਼ਾਂ ਵਿਚਾਲੇ ਸਾਰਥਕ ਤੇ ਫੈਸਲਾਕੁੰਨ ਗੱਲਬਾਤ ਦੀ ਮੰਗ ਕੀਤੀ ਹੈ। ਇਕ ਪ੍ਰੋਗਰਾਮ ਵਿਚ ਗਿਲਾਨੀ ਨੇ ਕਿਹਾ ਕਿ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੁਸ਼ਮਣੀ ਅਤੇ ਅਵਿਸ਼ਵਾਸ ਦੀ ਭਾਵਨਾ ਨੂੰ ਖ਼ਤਮ ਕਰਨ ਤੇ ਜੰਮੂ ਕਸ਼ਮੀਰ ਦੇ ਲੋਕਾਂ ਦੀਆਂ ਇਛਾਵਾਂ ਦੇ ਅਨੁਸਾਰ ਕਸ਼ਮੀਰ ਮੁੱਦੇ ਦਾ ਸ਼ਾਂਤੀ ਪੂਰਨ ਢੰਗ ਨਾਲ ਹੱਲ ਕਰਨ ਦੀ ਦਿਸ਼ਾ ਵਿਚ ਕੰਮ ਕਰਨ ਦੀ ਜ਼ਰੂਰ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਇਕ ਅਧੂਰਾ ਏਜੰਡਾ ਬਣਿਆ ਹੋਇਆ ਹੈ ਅਤੇ ਵੱਡੀ ਗਿਣਤੀ ਵਿਚ ਕਸ਼ਮੀਰੀਆਂ ਦੀ ਮੌਤ ਹੋਣ ਦੇ (ਬਾਕੀ ਸਫਾ 2 'ਤੇ)

## ਡਿਪਟੀ ਮੇਅਰ ਤੇ ਮੁਲਾਜ਼ਮ ਯੂਨੀਅਨਾਂ 'ਚ ਟਕਰਾਅ ਵਧਿਆ

**ਕਾਰਵਾਈ ਨਾ ਹੋਈ ਤਾਂ ਆਤਮਦਾਹ ਕਰ ਲਵਾਂਗਾ-ਭਾਟੀਆ**

**ਸੋਮਵਾਰ ਤੋਂ ਸਫਾਈ ਸੇਵਾ ਠੱਪ ਕਰਾਂਗੇ-ਮੁਲਾਜ਼ਮ**

ਜਲੰਧਰ, 6 ਫਰਵਰੀ (ਸਰਬਜੀਤ ਵਾਲੀਆ)- ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਨੂੰ ਨਗਰ ਨਿਗਮ ਦਫਤਰ ਵਿੱਚ ਨਗਰ ਨਿਗਮ ਮੁਲਾਜ਼ਮਾਂ ਵੱਲੋਂ ਮਾਰਕੁੱਟ ਕੀਤੇ ਜਾਣ ਦਾ ਮਸਲਾ ਧੜੇਬੰਦੀ ਦੇ ਮਸਲੇ ਦਾ ਤਾਂ ਹੈ ਹੀ ਹੈ, ਭਾਟੀਆ ਗਰੁੱਪ ਵੱਲੋਂ ਇਸ ਨੂੰ ਦਸਤਾਰ ਦੀ ਬੇਅਦਬੀ ਦੱਸ ਕੇ ਧਾਰਮਿਕ ਰੰਗਤ ਦੇਣ ਦੀ ਵੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਉਨ੍ਹਾਂ ਦੀ ਧਿਰ ਆਪਣਾ ਉੱਲੂ ਸਿੱਧਾ ਕਰ ਸਕੇ। ਅੱਜ ਪ੍ਰੈੱਸ ਕਲੱਬ ਵਿੱਚ ਸਮੂਹ ਸਿੰਘ ਸਭਾਵਾਂ ਦੀ ਸ਼ਮੂਲੀਅਤ ਦਾ ਦਾਅਵਾ ਕਰਨ ਦੀ ਭਾਟੀਆ ਗਰੁੱਪ ਦੇ ਹੱਕ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ 'ਚ ਮੰਗ ਕੀਤੀ ਗਈ ਕਿ ਸਰਕਾਰ ਜਲਦੀ ਤੋਂ ਜਲਦੀ ਦਸ਼ੀ (ਬਾਕੀ ਸਫਾ 2 'ਤੇ)

### ਫਿਰਕੂ ਤਣਾਅ ਟਾਲਣ ਲਈ ਪ੍ਰਸ਼ਾਸਨ ਚੌਕਸ, ਸੁਰੱਖਿਆ ਵਧਾਈ

ਜਲੰਧਰ, 6 ਫਰਵਰੀ (ਸਰਬਜੀਤ ਵਾਲੀਆ)-ਰਵਿਦਾਸੀਆ ਭਾਈਚਾਰੇ ਅਤੇ ਸਿੱਖ ਤਬਕੇ ਵਿਚਾਲੇ ਪੈਦਾ ਵਾਦਵਿਵਾਦ ਫਿਲਹਾਲ ਪ੍ਰਸ਼ਾਸਨ ਲਈ ਅਮਨ ਕਾਨੂੰਨ ਕਾਇਮ ਰੱਖਣ 'ਚ (ਬਾਕੀ ਸਫਾ 2 'ਤੇ)

## ਭਾਰੀ ਬਰਫਬਾਰੀ ਸ੍ਰੀਨਗਰ-ਜੰਮੂ ਰਾਜਮਾਰਗ ਬੰਦ

ਸ੍ਰੀਨਗਰ, 6 ਫਰਵਰੀ (ਵਿਸ਼ਵ ਵਾਰਤਾ)- ਜਵਾਹਰ ਸੁਰੰਗ ਦੇ ਆਸ-ਪਾਸ ਦੇ ਖੇਤਰਾਂ ਵਿਚ ਹੋਈ ਭਾਰੀ ਬਰਫਬਾਰੀ ਦੇ ਕਾਰਨ ਅੱਜ ਸਵੇਰੇ ਸ੍ਰੀਨਗਰ-ਜੰਮੂ ਰਾਸ਼ਟਰੀ ਰਾਜਮਾਰਗ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ। ਟਰਾਂਸਪੋਰਟ ਵਿਭਾਗ ਦੇ ਇਕ ਅਧਿਕਾਰੀ ਨੇ ਕਿਹਾ ਕਿ ਤਾਜ਼ਾ ਬਰਫਬਾਰੀ ਅਤੇ ਸੜਕਾਂ 'ਤੇ ਤਿਲਕਣ ਦੇ ਕਾਰਨ ਰਾਜ ਮਾਰਗ ਨੂੰ ਅੱਜ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ। ਪੂਰੇ ਕਸ਼ਮੀਰ ਵਿਚ ਸ਼ਨੀਵਾਰ ਸਵੇਰ ਤੋਂ ਬਰਫਬਾਰੀ ਹੋ ਰਹੀ ਹੈ। ਇਸ ਦੌਰਾਨ ਸਥਾਨਕ ਮੌਸਮ ਵਿਭਾਗ ਨੇ ਉਪਰਲੇ ਸਥਾਨਾਂ 'ਤੇ ਰਹਿਣ ਵਾਲੇ ਲੋਕਾਂ ਨੂੰ ਸਾਵਧਾਨੀ ਨਾਲ ਆਉਣ ਜਾਣ ਦੀ ਸਲਾਹ ਦਿੱਤੀ ਹੈ ਕਿਉਂਕਿ ਕੁਝ ਇਲਾਕਿਆਂ ਵਿਚ ਬਰਫੀਲਾ ਤੂਫਾਨ ਵੀ ਆ ਸਕਦਾ ਹੈ।

## ਸੁਰੱਖਿਆ ਗੰਨਮੈਨ ਚੱਲ ਰਹੇ ਹਨ ਵੀ. ਆਈ. ਪੀਜ਼ ਗੱਡੀਆਂ ਨਾਲ ਡਰਾਇਵਰ ਵਜੋਂ

ਚੰਡੀਗੜ੍ਹ, 6 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਕਈ ਮੰਤਰੀਆਂ ਤੇ ਸੰਸਦੀ ਸਕੱਤਰਾਂ ਦੀਆਂ ਸਰਕਾਰੀ ਗੱਡੀਆਂ ਉਨ੍ਹਾਂ ਨਾਲ ਤਾਇਨਾਤ ਗੰਨਮੈਨ ਡਰਾਈਵਰਾਂ ਦੀ ਥਾਂ ਚੱਲਾ ਰਹੇ ਹਨ। ਇਹ ਖੁਲਾਸਾ ਡਰਾਈਵਰ ਯੂਨੀਅਨ ਦੀ ਅੱਜ ਇੱਥੇ ਹੋਈ। ਪ੍ਰੈੱਸ ਕਾਨਫਰੰਸ ਕੀਤਾ ਗਿਆ। ਇਸ ਸਬੰਧੀ ਯੂਨੀਅਨ ਵੱਲੋਂ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਲਿਖੇ ਗਏ ਪੱਤਰ ਦੀਆਂ ਜਾਰੀ ਕੀਤੀਆਂ ਕਾਪੀਆਂ ਅਨੁਸਾਰ ਮੰਤਰੀਆਂ ਨਾਲ ਚੱਲਦੀਆਂ ਸਟਾਫ ਕਾਰਾਂ ਲਈ ਮੰਤਰੀ ਕਾਰ ਸ਼ਾਖਾ ਦੇ ਸਿਵਲ ਡਰਾਈਵਰ ਲਗਾਏ ਜਾਂਦੇ ਹਨ, ਪਰ ਉਨ੍ਹਾਂ ਦੀ ਜਗ੍ਹਾ ਮੰਤਰੀਆਂ ਦੇ ਸੁਰੱਖਿਆ ਕਰਮਚਾਰੀ ਇਹ ਗੱਡੀਆਂ ਚਲਾ ਰਹੇ ਹਨ। ਪੱਤਰ ਵਿੱਚ ਦੱਸਿਆ ਗਿਆ ਕਿ ਗੱਡੀਆਂ ਸਿਵਲ ਡਰਾਈਵਰਾਂ ਦੇ ਨਾ ਹੁੰਦੀਆਂ ਹਨ। ਯੂਨੀਅਨ (ਬਾਕੀ ਸਫਾ 2 'ਤੇ)

### ਪੰਜਾਬ ਸਰਕਾਰ ਧੀਰ ਦੇ ਇਲਾਜ ਦਾ ਖਰਚਾ ਉਠਾਏਗੀ

ਚੰਡੀਗੜ੍ਹ, 6 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ੍: ਪਰਕਾਸ਼ ਸਿੰਘ ਬਾਦਲ ਨੇ ਉਘੇ ਲੇਖਕ ਸ੍ਰੀ ਸੰਤੋਖ ਸਿੰਘ ਧੀਰ ਦੇ ਇਲਾਜ ਦਾ ਖਰਚਾ ਪੰਜਾਬ ਸਰਕਾਰ ਵੱਲੋ ਉਠਾਏ ਜਾਣ ਦਾ ਅੱਜ ਐਲਾਨ ਕੀਤਾ ਜੋ ਕਿ (ਬਾਕੀ ਸਫਾ 2 'ਤੇ)

## ਵਿਸ਼ਵ ਬੈਂਕ ਦੇਵੇਗਾ ਭਾਰਤ ਨੂੰ 500 ਕਰੋੜ ਦਾ ਕਰਜ਼ਾ

ਨਵੀਂ ਦਿੱਲੀ, 6 ਫਰਵਰੀ (ਵਿਸ਼ਵ ਵਾਰਤਾ)-ਵਿਸ਼ਵ ਬੈਂਕ ਪੰਜ ਭਾਰਤੀ ਸ਼ਹਿਰਾਂ ਨੂੰ ਲਗਪਗ 500 ਕਰੋੜ ਰੁਪਏ ਦਾ ਕਰਜ਼ਾ ਦੇਵੇਗਾ। ਭਾਰਤ ਅਤੇ ਵਿਸ਼ਵ ਬੈਂਕ ਵਿਚਾਲੇ ਅੱਜ ਸ਼ਹਿਰੀ ਵਾਤਾਵਰਣ ਪ੍ਰਾਜੈਕਟ 'ਤੇ ਦਸਤਖ਼ਤ ਹੋ। ਇਕ ਅਧਿਕਾਰਿਕ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਪ੍ਰਾਜੈਕਟ ਦੇ ਤਹਿਤ ਵਿਸ਼ਵ ਬੈਂਕ ਦੀ ਇਕਾਈ ਕੌਮਾਂਤਰੀ ਪੁਨਰਨਿਰਮਾਣ ਅਤੇ ਵਿਕਾਸ ਬੈਂਕ ਵੱਲੋਂ 10.52 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਜਾਵੇਗਾ। ਇਹ ਪ੍ਰਾਜੈਕਟ ਜਿਨ੍ਹਾਂ ਚਾਰ ਸੂਬਿਆਂ ਵਿਚ ਲਗਾਏ ਜਾਣਗੇ ਉਨ੍ਹਾਂ ਵਿਚ ਮਹਾਰਾਸ਼ਟਰ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਕਰਨਾਟਕ ਸ਼ਾਮਿਲ ਹਨ। ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਪ੍ਰਾਜੈਕਟ ਨੂੰ ਪੰਜ ਸਾਲ ਵਿਚ ਪੂਰਾ ਕੀਤਾ ਜਾਣਾ ਹੈ।


Visit SHOWMAN'S 13th MEGA Expo of APPAREL & KNITTING Technology

KNIT-VISION-2010

DISPLAY CUM DEMO

of the Latest Techniques of Sewing, Knitting, Embroidery, Cutting, Dyeing, Finishing, Laundry Machinery, Quilting, Fusing, Fabrics, Fancy Yarn, Dyes & Chemicals, Testing Equipments, Print & Packaging, Software, CAD - CAM, Accessories & Trade Publications

5-6-7-8, FEB. 2010

TIMINGS : 10 AM TO 9 PM

WELKOM PALACE LUDHIANA

SHOWMAN ASSOCIATES (P) LTD. Mob. 98140-27501, 98141-27501, Tel. : 0161-4635800


## ਕੀ ਰਾਹੁਲ ਨੂੰ ਕਾਲੇ ਝੰਡੇ ਵਿਖਾਉਣਾ ਲੋਕਤੰਤਰ ਵਿਰੋਧੀ ਕਦਮ ਹੈ ?

ਕਾਂਗਰਸ ਦੇ ਕੌਮੀ ਜਨਰਲ ਸਕੱਤਰ ਅਤੇ ਨੌਜਵਾਨ ਨੇਤਾ ਸ੍ਰੀ ਰਾਹੁਲ ਗਾਂਧੀ ਸ਼ੁੱਕਰਵਾਰ ਨੂੰ ਮੁੰਬਈ ਦੌਰੇ 'ਤੇ ਸਨ। ਉਨ੍ਹਾਂ ਦੇ ਇਸ ਦੌਰੇ ਨੂੰ ਸਿਆਸੀ ਅਤੇ ਮੀਡੀਆ ਹਲਕਿਆਂ ਵੱਲੋਂ ਕਾਫੀ ਮਹੱਤਵ ਦਿੱਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਨੇ ਮੁੰਬਈ ਦੇ ਆਮ ਲੋਕਾਂ ਨਾਲ ਮਿਲਣ ਜੁਲਣ ਦਾ ਵੀ ਯਤਨ ਕੀਤਾ। ਸ੍ਰੀ ਰਾਹੁਲ ਗਾਂਧੀ ਜਿੱਥੇ ਵੀ ਜਾਂਦੇ ਹਨ, ਉਹ ਅਜਿਹਾ ਹੀ ਕਰਦੇ ਹਨ। ਸਿਆਸੀ ਪੱਖ ਤੋਂ ਉਨ੍ਹਾਂ ਦਾ ਮੁੰਬਈ ਦੌਰਾ ਕਾਫੀ ਅਹਿਮ ਕਿਹਾ ਜਾ ਸਕਦਾ ਹੈ। ਇਸ ਦੌਰੇ ਨੂੰ ਲੈ ਕੇ ਮਹਾਂਰਾਸ਼ਟਰ ਵਿੱਚ ਕਾਫੀ ਸਿਆਸੀ ਉਤੇਜਨਾ ਪਾਈ ਜਾ ਰਹੀ ਸੀ।



ਮਹਾਂਰਾਸ਼ਟਰ ਦੀ ਪ੍ਰਮੁੱਖ ਸਿਆਸੀ ਵਿਰੋਧੀ ਧਿਰ ਸ਼ਿਵ ਸੈਨਾ ਅਤੇ ਮਹਾਂਰਾਸ਼ਟਰ ਨਵ-ਨਿਰਮਾਣ ਸੈਨਾ ਵੱਲੋਂ ਰਾਹੁਲ ਗਾਂਧੀ ਖਿਲਾਫ ਲਗਾਤਾਰ ਬਿਆਨਬਾਜ਼ੀ ਹੋ ਰਹੀ ਸੀ। ਸ਼ਿਵ ਸੈਨਾ ਦੇ ਮੁੱਖੀ ਸ੍ਰੀ ਬਾਲ ਠਾਕਰੇ ਨੇ ਤਾਂ ਰਾਹੁਲ ਗਾਂਧੀ ਨੂੰ ਕਾਲੇ ਝੰਡੇ ਦਿਖਾਉਣ ਦਾ ਸੱਦਾ ਵੀ ਦਿੱਤਾ ਸੀ। ਮਹਾਂਰਾਸ਼ਟਰ ਵਿੱਚ ਕਾਂਗਰਸ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੀ ਸਾਂਝੀ ਸਰਕਾਰ ਹੈ। ਸਰਕਾਰ ਵੱਲੋਂ ਇਸ ਦੌਰੇ ਲਈ ਸਖਤ ਪੇਸ਼ਬੰਦੀਆਂ ਕੀਤੀਆਂ ਗਈਆਂ ਸਨ। ਸਰਕਾਰ ਦੀ ਇਹ ਕੋਸ਼ਿਸ਼ ਸੀ ਕਿ ਰਾਹੁਲ ਗਾਂਧੀ ਖਿਲਾਫ ਸ਼ਹਿਰ ਵਿੱਚ ਕਿੱਧਰੇ ਵੀ ਕੋਈ ਪ੍ਰਦਰਸ਼ਨ ਨਾ ਹੋਵੇ।



ਇਸ ਮਕਸਦ ਲਈ ਸ਼ਿਵ ਸੈਨਾ ਦੇ ਵੱਡੀ ਗਿਣਤੀ ਵਿੱਚ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਹੋਰ ਦਰਜਨਾਂ ਵਰਕਰਾਂ ਨੂੰ ਪੁਲਿਸ ਵੱਲੋਂ ਨੋਟਿਸ ਜਾਰੀ ਕੀਤੇ ਗਏ। ਸਖਤ ਸੁਰੱਖਿਆ ਪ੍ਰਬੰਧਾਂ ਕਾਰਨ ਸ੍ਰੀ ਰਾਹੁਲ ਗਾਂਧੀ ਦਾ ਇਹ ਦੌਰਾ ਪੂਰੀ ਤਰ੍ਹਾਂ 'ਅਮਨ ਪੂਰਵਕ' ਰਿਹਾ। ਸ਼ਹਿਰ ਵਿੱਚ ਉਨ੍ਹਾਂ ਖਿਲਾਫ ਕੋਈ ਵੀ ਰੋਸ ਪ੍ਰਦਰਸ਼ਨ ਨਹੀਂ ਹੋ ਸਕਿਆ। ਪੁਲਿਸ ਦੀ ਮੁਸਤੈਦੀ ਨੂੰ ਹੁਣ ਕਾਂਗਰਸ ਪਾਰਟੀ ਆਪਣੀ ਜਿੱਤ ਵਜੋਂ ਪੇਸ਼ ਕਰ ਰਹੀ ਹੈ। ਇਸ ਗੱਲ ਨੂੰ (ਬਾਕੀ ਸਫਾ 2 'ਤੇ)